# ਦਫਤਰ ਡਾਇਰੈਕਟਰ ਸਿਖਿਆ ਵਿਭਾਗ (ਸੈ : ਸਿ :), ਪੰਜਾਬ।

(ਪੰਜਾਬ ਸਕੂਲ ਸਿਖਿਆ ਬੋਰਡ ਕੰਪਲੈਕਸ, ਫੇਜ-8, ਐਸ ਏ ਐਸ ਨਗਰ)

## ਹੁਕਮ

1.0 ਸਿੱਖਿਆ ਵਿਭਾਗ ਪੰਜਾਬ ਵਲੋ ਪੰਜਾਬ ਰਾਜ ਦੇ ਸਰਕਾਰੀ ਸਕੂਲਾਂ ਵਿਚ ਕੰਮ ਕਰਦੇ ਪ੍ਰਾਇਮਰੀ ਕਾਡਰ ਦੇ ਅਧਿਆਪਕ ਅਤੇ ਨਾਨ ਟੀਚਿੰਗ ਕਰਮਚਾਰੀਆਂ ( ਕਲਰਕ, ਜੂਨੀਅਰ ਸਹਾਇਕ, ਸਟੈਨੋ ਟਾਇਪਿਸਟ, ਜੂਨੀਅਰ ਸਕੇਲ ਸਟੈਨੋਗ੍ਰਾਫਰ, ਲਾਇਬ੍ਰੇਰੀਅਨ, ਸਹਾਇਕ ਲਾਇਬ੍ਰੇਰੀਅਨ, ਲਾਇਬ੍ਰੇਰੀ ਰਿਸਟੋਰਰ, ਅਤੇ ਸੀਨੀਅਰ ਲੈਬੋਰੇਟਰੀ ਅਟੈਂਡੈਂਟ) ਦੀਆ ਨਿਯਮਾਂ ਅਨੁਸਾਰ ਮਾਸਟਰ ਕਾਡਰ ਵਿਚ ਤਰੱਕੀਆ ਕੀਤੀਆਂ ਜਾਣੀਆ ਹਨ। **ਇਹ ਤਰੱਕੀਆ ਇਹਨਾਂ ਕਰਮਚਾਰੀਆਂ ਦੇ ਈ-ਪੰਜਾਬ ਪੋਰਟਲ ਦੇ ਇਹਨਾ ਵਲੋ ਖੁੱਦ ਅਪਲੋਡ ਕੀਤੇ ਡਾਟੇ ਦੇ ਅਧਾਰ ਤੇ ਕੀਤੀਆਂ ਜਾਂਣੀਆਂ ਹਨ।**

2.0 ਇਸ ਲਈ ਸਿਖਿਆ ਵਿਭਾਗ ਵਿਚ ਕੰਮ ਕਰ ਰਹੇ ਸਾਰੇ ਪ੍ਰਾਇਮਰੀ ਕਾਡਰ ਦੇ ਅਧਿਆਪਕ ਅਤੇ ਨਾਨ ਟੀਚਿੰਗ ਕਰਮਚਾਰੀਆਂ ਨੂੰ ਈ-ਪੋਰਟਲ ਤੇ ਆਪਣਾ ਡਾਟਾ ਅਪਡੇਟ ਕਰਨ ਲਈ ਹੇਠ ਲਿਖੇ ਅਨੁਸਾਰ ਦਿਸਾ ਨਿਰਦੇਸ ਜਾਰੀ ਕੀਤੇ ਜਾਂਦੇ ਹਨ:-

2.1 ਸਮੂਹ ਪ੍ਰਾਇਮਰੀ ਕਾਡਰ ਦੇ ਅਧਿਆਪਕ ਅਤੇ ਨਾਨ ਟੀਚਿੰਗ ਕਰਮਚਾਰੀ ਆਪਣਾ ਸਾਰਾ ਡਾਟਾ ਖੁਦ ਭਰ ਕੇ ਈ-ਪੋਰਟਲ ਤੇ ਅਪਲੋਡ ਕਰਨਗੇ।

2.2 ਵਿਭਾਗ ਵਿਚ ਕੰਮ ਕਰ ਰਹੇ ਸਾਰੇ ਪ੍ਰਾਇਮਰੀ ਕਾਡਰ ਦੇ ਅਧਿਆਪਕ ਅਤੇ ਨਾਨ ਟੀਚਿੰਗ ਕਰਮਚਾਰੀਆਂ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਉਹ ਆਪਣਾ ਸਰਵਿਸ ਰਿਕਾਰਡ ਸਮੇਤ ਸਲਾਨਾ ਗੁਪਤ ਰਿਪੋਰਟਾਂ, ਆਪਣੀਆਂ ਵਿਦਿਅਕ ਯੋਗਤਾਵਾਂ, ਭਾਵ ਆਪਣੀ ਮੁਢਲੀ ਵਿਦਿਅਕ ਯੋਗਤਾ, (ਗਰੈਜੂਏਸਨ), ਆਪਣੀ ਪ੍ਰੋਫੈਸਨਲ ਵਿਦਿਅਕ ਯੋਗਤਾ, ਉਚੇਰੀ ਵਿਦਿਅਕ ਯੋਗਤਾ (ਵਿਸਾਵਾਰ ਅਤੇ ਸਾਲਵਾਰ ਸਮੇਤ ਬੀ ਐਡ ਵਿਚ ਟੀਚਿੰਗ ਸਬਜੈਕਟ ਦੇ) ਅਤੇ ਪੀ.ਐਸ.ਟੀ.ਈ.ਟੀ. ਪਾਸ ਕਰਨ, ਆਦਿ ਸਬੰਧੀ ਸਾਰਾ ਡਾਟਾ ਅਪਲੋਡ ਕਰਨਗੇ।

2.3 ਸਮੂਹ ਪ੍ਰਾਇਮਰੀ ਕਾਡਰ ਦੇ ਅਧਿਆਪਕ ਅਤੇ ਨਾਨ ਟੀਚਿੰਗ ਕਰਮਚਾਰੀ ਆਪਣਾ ਲੋਗਿਨ ਆਈ ਡੀ ਅਤੇ ਪਾਸਵਰਡ ਗੁਪਤ ਰੱਖਣਗੇ ਤਾ ਜੋ ਕੋਈ ਹੋਰ ਇਹਨਾ ਦੇ ਡਾਟੇ ਨੂੰ ਬਦਲ ਨਾ ਸਕੇ।

2.4 ਈ ਪੋਰਟਲ ਤੇ ਅਪਲੋਡ ਕਰਨ ਲਈ ਅਤੇ ਅਪਲੋਡ ਕੀਤੇ ਡਾਟੇ ਸਬੰਧੀ ਕਰਮਚਾਰੀ ਹਰ ਤਰ੍ਹਾਂ ਨਾਲ ਖੁਦ ਨਿੱਜੀ ਤੋਰ ਤੇ ਜਿੰਮੇਵਾਰ ਹੋਣਗੇ।

2.5 ਸਬੰਧਤ ਕਰਮਚਾਰੀ ਡਾਟਾ ਅਪਲੋਡ ਕਰਕੇ ਸਵੈ-ਘੋਸਣਾਂ ਪੱਤਰ ਆਪਣੇ ਸਕੂਲ ਮੁੱਖੀ ਨੂੰ ਦੇਣਗੇ ਕਿ ਉਸ ਵਲੋ ਈ-ਪੋਰਟਲ ਤੇ ਆਪਣਾ ਸਹੀ ਡਾਟਾ ਅੱਪਲੋਡ ਕਰ ਦਿੱਤਾ ਗਿਆ ਹੈ

2.6 ਕਰਮਚਾਰੀ ਵਲੋ ਸਮੇ ਸਮੇ ਤੇ ਜੋ ਵੀ ਯੋਗਤਾ ਵਿਚ ਵਾਧਾ ਕੀਤਾ ਜਾਂਦਾ ਹੈ, ਉਸ ਨੂੰ ਈ-ਪੋਰਟਲ ਤੇ ਅਪਲੋਡ ਕਰਨ ਦੀ ਜੁੰਮੇਵਾਰੀ ਕਰਮਚਾਰੀ ਦੀ ਖੁੱਦ ਦੀ ਹੋਵਗੀ।

Scanned with CamScanner

2.7 ਜੇ ਕਰ ਵਿਭਾਗ ਦੇ ਧਿਆਨ ਵਿਚ ਇਹ ਆਉਂਦਾ ਹੈ ਕਿ ਕਿਸੇ ਕਰਮਚਾਰੀ ਵਲੋਂ ਆਪਣਾ ਡਾਟਾ ਗਲਤ ਭਰਨ ਕਾਰਨ ਉਸ ਨੂੰ ਤਰੱਕੀ ਲਈ ਵਿਚਾਰਿਆ ਗਿਆ ਹੈ ਤਾਂ ਉਸ ਵਿਰੁੱਧ ਨਿਯਮਾਂ ਅਨੁਸਾਰ ਵਿਭਾਗੀ ਅਨੁਸਾਸਨੀ ਕਾਰਵਾਈ ਵੀ ਆਰੰਭੀ ਜਾਵੇਗੀ ਅਤੇ ਇਸ ਦੀ ਨਿਰੋਲ ਜ਼ੁੰਮੇਵਾਰੀ ਕਰਮਚਾਰੀ ਦੀ ਨਿੱਜੀ ਹੋਵੇਗੀ।

2.8 ਪ੍ਰਾਇਮਰੀ ਕਾਡਰ ਦੇ ਅਧਿਆਪਕ ਅਤੇ ਨਾਨ ਟੀਚਿੰਗ ਆਪਣਾ ਈ-ਪੰਜਾਬ ਤੇ ਡਾਟਾ ਮਿਤੀ 17-04-2021 ਤੱਕ ਅਪਡੇਟ ਕਰਨਗੇ।

2.9 ਸਬੰਧਤ ਸਕੂਲ ਮੁੱਖੀ ਉਹਨਾਂ ਅਧੀਨ ਕੰਮ ਕਰਦੇ ਕਰਮਚਾਰੀ ਦਾ ਡਾਟਾ ਵੈਰੀਫਾਈ ਕਰਨਾਂ ਯਕੀਨੀ ਬਨਾਉਣਗੇ।

3.0 ਸਬੰਧਤ ਸਕੂਲ ਮੁੱਖੀ, ਸਬੰਧਤ ਕਰਮਚਾਰੀ ਤੋ ਡਾਟਾ ਅੱਪਲੋਡ ਕਰਨ ਸਬੰਧੀ ਸਵੈ-ਘੋਸਣਾ ਪੱਤਰ ਲੈਣਗੇ ਕਿ ਉਸ ਵਲੋਂ ਈ ਪੋਰਟਲ ਤੇ ਡਾਟਾ ਅੱਪਲੋਡ ਕਰ ਦਿੱਤਾ ਗਿਆ ਹੈ ਅਤੇ ਜੋ ਡਾਟਾ ਉਸ ਵਲੋਂ ਅਪਲੋਡ ਕੀਤਾ ਗਿਆ ਹੈ ਉਹ ਸਹੀ ਹੈ।

ਡਾਇਰੈਕਟਰ ਸਿਖਿਆ ਵਿਭਾਗ (ਸੈ:ਸਿ:), ਪੰਜਾਬ

19/8-2020 E4(4)

ਪਿੱਠ ਅੰਕਣ ਨੰ: 2021131133

ਮਿਤੀ: 16.04.2021

ਉਪਰੋਕਤ ਦਾ ਉਤਾਰਾ ਹੇਠ ਲਿਖਿਆ ਨੂੰ ਸੂਚਨਾਂ ਅਤੇ ਯੋਗ ਕਾਰਵਾਈ ਹਿਤ ਭੇਜਿਆ ਜਾਂਦਾ ਹੈ:-।

1. ਨਿੱਜੀ ਸਕੱਤਰ/ ਸਕੱਤਰ ਸਕੂਲ ਸਿੱਖਿਆ ਜੀ।
2. ਡਾਇਰੈਕਟਰ ਸਿਖਿਆ ਵਿਭਾਗ (ਐ:ਸਿ:), ਪੰਜਾਬ।
3. ਸਮੂਹ ਜਿਲਾ ਸਿਖਿਆ ਅਫਸਰ (ਸੈ:ਸਿ:) ਅਤੇ (ਐ:ਸਿ:), ਪੰਜਾਬ ਰਾਜ।
4. ਪੰਜਾਬ ਰਾਜ ਦੇ ਸਮੂਹ ਸਕੂਲ ਮੁੱਖੀ।
5. ਪੰਜਾਬ ਰਾਜ ਦੇ ਸਮੂਹ ਪ੍ਰਾਇਮਰੀ ਕਾਡਰ ਦੇ ਅਧਿਆਪਕ ਅਤੇ ਨਾਨ ਟੀਚਿੰਗ ਕਰਮਚਾਰੀ।

ਡਾਇਰੈਕਟਰ ਸਿਖਿਆ ਵਿਭਾਗ (ਸੈ:ਸਿ:), ਪੰਜਾਬ

Scanned with CamScanner